**International Journal of Research**
*e-ISSN: 2348-6848 & p-ISSN 2348-795X Vol-5, Special Issue-9*
**International Seminar on Changing Trends in Historiography: A Global Perspective**
Held on 2nd February 2018 organized by **The Post Graduate Department of History. Dev Samaj College for Women, Ferozepur City, Punjab, India**

# ਪੰਜਾਬ ਦਾ ਆਖਰੀ ਮਹਾਰਾਜਾ: ਮਹਾਰਾਜਾ ਦਲੀਪ ਸਿੰਘ

ਰਾਜ ਕੁਮਾਰ

*Assistant Professor, P.G. Deptt of History, Dev Samaj College for Women, Ferozepur City, PB.*

ਵੀਰਪਾਲ ਕੌਰ

*Student, M.A. II, P. G Deptt of History, Dev Samaj College for Women, Ferozepur City, PB.*

**Abstract**

*ਮਹਾਰਾਜਾ **ਦਲੀਪ ਸਿੰਘ** ਮਹਾਰਾਜਾ ਰਣਜੀਤ ਸਿੰਘ **ਤੇ ਮਹਾਰਾਣੀ ਜਿੰਦ ਕੌਰ** ਦਾ ਸਭ ਤੋਂ ਛੋਟਾ ਪੁੱਤਰ ਸੀ । ਜਦੋ ਮਹਾਰਾਜਾ ਰਣਜੀਤ ਸਿੰਘ ਦੀ ਮੌਤ (27 June 1839) ਹੋਈ ਤਾਂ ਦਲੀਪ ਸਿੰਘ ਦੀ ਉਮਰ **ਸਿਰਫ** ਇੱਕ ਸਾਲ ਦੀ ਸੀ। ਮਹਾਰਾਜਾ ਰਣਜੀਤ ਸਿੰਘ ਦੀ ਮੌਤ ਤੋਂ ਬਾਅਦ ਅੰਗਰੇਜ਼ਾ ਦੀ ਦਖਲ ਅੰਦਾਜ਼ੀ ਲਾਹੌਰ ਦਰਬਾਰ ਵਿੱਚ ਵਧਣ ਲੱਗੀ । ਮਹਾਰਾਜਾ **ਖੜਕ** ਸਿੰਘ, ਮਹਾਰਾਜਾ ਸ਼ੇਰ ਸਿੰਘ, ਚੰਦ ਕੌਰ ਆਦਿ ਮਹਾਰਾਜਾ ਰਣਜੀਤ ਸਿੰਘ ਦੇ ਉੱਤਰਧਿਕਾਰੀ **ਸਨ ਜੋ** ਆਯੋਗ **ਸ਼ਾਸਕ ਸਨ** । ਦਲੀਪ ਸਿੰਘ ਮਹਾਰਾਜਾ ਸ਼ੇਰ ਸਿੰਘ ਤੋਂ ਬਾਅਦ ਲਾਹੌਰ ਰਾਜ ਦਾ **ਮਹਾਰਾਜਾ** ਬਣਿਆ।ਉਸਦੀ ਉਮਰ ਛੋਟੀ ਹੋਣ ਦੇ ਕਾਰਣ ਰਾਣੀ ਜਿੰਦ ਕੌਰ ਉਸਦੀ ਸਰਪ੍ਰਸਤ ਬਣੀ । ਮਹਾਰਾਜੇ ਨੂੰ ਜਲਦ ਹੀ ਅੰਗਰੇਜ **ਸਰਕਾਰ** ਦੀਆਂ ਕੂਟਨੀਤੀਆ ਦਾ ਸ਼ਿਕਾਰ ਹੋਣਾ ਪਿਆ । **ਦੂਜੇ ਅੰਗਰੇਜ-ਸਿਖ ਜੁਧ** (1848-49) **ਤੋਂ ਬਾਅਦ** ਉਸ ਨੂੰ ਗੱਦੀ ਤੋਂ ਉਤਾਰ ਕੇ ਮਹਾਰਾਣੀ ਜ਼ਿੰਦਾ ਤੋਂ **ਵਿਛੋੜਾ ਦੇ** ਕੇ ਇੰਗਲੈਡ ਭੇਜ ਦਿੱਤਾ ਗਿਆ ਜਿਥੇ ਉਸਨੇ ਇਸਾਈ ਧਰਮ ਗ੍ਰਹਿਣ ਕਰ ਲਿਆ । ਇਸ ਪੇਪਰ ਰਾਹੀਂ ਮੈਂ ਮਹਾਰਾਜਾ ਦਲੀਪ ਸਿੰਘ ਦੇ ਜੀਵਨ ਤੇ ਓਹਨਾ ਤੇ ਓਹਨਾ ਦੀ ਮਾਤਾ ਮਹਾਰਾਣੀ ਜਿੰਦ ਕੌਰ ਨਾਲ ਜੋ ਸਾਲੂਕ ਅੰਗਰੇਜਾਂ ਨੇ ਕੀਤਾ ਉਸ ਤੇ ਚਾਨਣਾ ਪਾਉਣ ਦੀ ਕੋਸ਼ਿਸ ਕੀਤੀ ਹੈ*

**Main Words:** ਮਹਾਰਾਜਾ ਦਲੀਪ ਸਿੰਘ, ਮਹਾਰਾਣੀ ਜ਼ਿੰਦਾ, ਬ੍ਰਿਟਿਸ਼ ਸਰਕਾਰ, ਸਿੱਖ ਧਰਮ, ਮਹਾਰਾਣੀ ਵਿਕਟੋਰੀਆ, **ਸੰਦਾਵਾਲੀਆਂ** ਸਰਦਾਰ।

## EARLY LIFE OF DALIP SINGH

ਮਹਾਰਾਜਾ ਦਲੀਪ ਸਿੰਘ ਦਾ ਜਨਮ 6 ਸਤੰਬਰ 1838 ਨੂੰ ਮਹਾਰਾਣੀ ਜ਼ਿੰਦਾ ਦੀ ਕੁੱਖੋਂ ਹੋਇਆ।ਮਹਾਰਾਜਾ ਰਣਜੀਤ ਸਿੰਘ ਦੇ ਸੱਤ ਪੁੱਤਰ ਸਨ।ਮਹਾਰਾਜਾ ਦਲੀਪ ਸਿੰਘ ਸਭ ਤੋਂ ਛੋਟਾ ਸੀ।[1] ਮਹਾਰਾਜਾ ਰਣਜੀਤ ਸਿੰਘ ਦੀ ਮੌਤ ਤੋ ਬਾਅਦ ਦਲੀਪ ਸਿੰਘ ਆਪਣੀ ਮਾਂ ਰਾਣੀ ਜਿੰਦ ਕੋਰ ਨਾਲ ਜੰਮੂ ਵਿਚ ਰਿਹ ਰਿਹਾ ਸੀ । 1843 ਵਿਚ ਜਦੋਂ ਮਹਾਰਾਜਾ ਖੜਕ ਸਿੰਘ ਅਤੇ ਰਾਜਾ ਧਯਾਨ ਸਿੰਘ ਡੋਗਰਾ ਦਾ ਕਤਲ ਹੋਇਆ ਤਾਂ ਰਾਣੀ ਜਿੰਦ ਕੋਰ ਤੇ ਦਲੀਪ ਸਿੰਘ ਨੂੰ ਲਾਹੌਰ ਬੁਲਾਯਿਆ ਗਿਆ । 16 September 1843 ਨੂੰ ਦਲੀਪ ਸਿੰਘ ਨੂੰ ਪੰਜਾਬ ਦਾ ਮਹਾਰਾਜਾ ਘੋਸ਼ਿਤ ਕਰ ਦਿਤਾ ਗਿਆ । ਮਹਾਰਾਣੀ ਜਿੰਦਾ

---

[1] ਸ਼ਿਵ ਰਾਜਗਨੀ, *ਪੰਜਾਬ ਦਾ ਇਤਿਹਾਸ (1791–1966)*, ਮਦਨ ਪਬਲੀਕੇਸ਼ਨਜ,ਪਟਿਆਲਾ, p. 270.

International Journal of Research
e-ISSN: 2348-6848 & p-ISSN 2348-795X Vol-5, Special Issue-9
International Seminar on Changing Trends in Historiography: A Global Perspective
Held on 2nd February 2018 organized by The Post Graduate Department of History. Dev Samaj College for Women, Ferozepur City, Punjab, India

ਮਹਾਰਾਜਾ ਦਲੀਪ ਸਿੰਘ ਦੀ ਸਰਪ੍ਰਸਤ ਬਣੀ। ਜਦੋਂ ਮਹਾਰਾਜਾ ਦਲੀਪ ਸਿੰਘ ਲਾਹੌਰ ਰਾਜ ਦੀ ਗਦੀ ਤੇ ਬੈਠਾ ਤਾਂ ਉਸ ਸਮੇ ਉਸਦੀ ਉਮਰ ਕੇਵਲ ਪੰਜ ਸਾਲ ਦੀ ਸੀ।[2] ਹੀਰਾ ਸਿੰਘ ਡੋਗਰਾ (ਦਯਾਨ ਸਿੰਘ ਡੋਗਰਾ ਦਾ ਪੁਤਰ) ਨੂੰ ਮਹਾਰਾਜਾ ਦਲੀਪ ਸਿੰਘ ਦਾ ਪ੍ਰਧਾਨ ਮੰਤਰੀ ਥਾਪਿਆ ਗਿਆ। December 1845 ਵਿਚ ਅੰਗਰੇਜਾਂ ਨੇ ਲਾਹੌਰ ਰਾਜ ਦੇ ਖਿਲਾਫ਼ ਜੁਧ ਦਾ ਐਲਾਨ ਕੀਤਾ। ਇਸ ਜੁਧ ਵਿਚ ਕੁਛ ਗਦਾਰ ਮੰਤਰੀਆਂ ਦਾ ਕਰਕੇ ਸਿਖ ਅੰਗਰੇਜਾਂ ਤੋ ਹਾਰ ਗਏ। ਇਸ ਜੁਧ ਤੋ ਬਾਅਦ ਅੰਗਰੇਜਾਂ ਨੇ ਲਾਹੌਰ ਰਾਜ ਨਾਲ ਲਾਹੌਰ ਦੀਆਂ ਸੰਦੀਆਂ ਅਤੇ ਭੈਰੋਵਾਲ ਦੀ ਮਹਤਵਪੂਰਣ ਸੰਦੀ ਕੀਤੀ ਜਿਸ ਅਨੁਸਾਰ ਮਹਾਰਾਜਾ ਜਿਦਾਂ ਨੂੰ ਦੇਸ਼ ਨਿਕਾਲਾ ਦੇ ਦਿਤਾ ਗਿਆ ਅਤੇ ਮਹਾਰਾਜਾ ਦਲੀਪ ਸਿੰਘ ਨਾ ਮਾਤਰ ਦਾ ਹੀ ਮਹਾਰਾਜਾ ਰਿਹ ਗਿਆ। ਰਾਜ ਪ੍ਰਬੰਦ ਨਾਲ ਸਬੰਧਤ ਸਾਰੀ ਸਕਤੀ ਬ੍ਰਿਟਿਸ਼ ਰੇਸਿਡੇਂਟ ਦੇ ਹਥਾ ਵਿਚ ਆ ਗਈ।[3]

**ਮਹਾਰਾਜਾ ਦਲੀਪ ਸਿੰਘ ਅਤੇ ਅੰਗਰੇਜ**

ਦੂਜੇ ਐਗਲੋ ਸਿੱਖ ਯੁੱਧ (1848-49) ਤੋਂ ਪਿੱਛੋ ਲਾਰਡ ਡਾਲ੍ਹੋਜੀ ਨੇ ਪੰਜਾਬ ਤੇ ਕਬਜਾ ਕਰਨ ਦੀ ਤਿਆਰੀ ਕਰ ਲਈ ਤੇ ਮਹਾਰਾਜਾ ਦਲੀਪ ਸਿੰਘ ਨੂੰ ਲਾਹੌਰ ਦਰਬਾਰ ਦੀ ਰਾਜਗੱਦੀ ਤੋਂ ਉਤਾਰ ਦਿੱਤਾ।ਪੰਜਾਬ ਨੂੰ ਬ੍ਰਿਟਿਸ਼ ਸਮਰਾਜ ਵਿੱਚ ਸ਼ਾਮਿਲ ਕਰਨ ਦਾ ਐਲਾਨ ਕੀਤਾ ਕੁਝ ਇਤਿਹਾਸਕਾਰਾਂ ਦੇ ਅਨੁਸਾਰ ਲਾਰਡ ਡਲਹੌਜੀ ਭਾਰਤ ਦਾ ਗਵਰਨਰ ਜਨਰਲ (1848-56) ਨੇ ਕੂਟਨੀਤੀ ਵਰਤਦਿਆਂ ਈਸਟ ਇੰਡੀਆ ਕੰਪਨੀ ਦੀ ਸਰਕਾਰ ਵੱਲੋ ਮਹਾਰਾਜਾ ਰਣਜੀਤ ਸਿੰਘ ਨਾਲ ਕੀਤੇ ਮਿੱਤਰਤਾ ਦੇ ਕੋਲ ਇਕਰਾਰ ਨੂੰ ਛਿੱਕੇ ਟੰਗ ਕੇ ਨਾਬਾਲਗ ਮਹਾਰਾਜਾ ਦਲੀਪ ਸਿੰਘ ਤੇ ਉਸ ਦੀ ਮਾਤਾ ਮਹਾਰਾਣੀ ਜਿੰਦਾ ਨਾਲ ਵਿਸ਼ਵਾਸਘਾਤ ਵਾਲਾ ਸਲੂਕ ਕੀਤਾ।[4] ਉਹ ਇਤਿਹਾਸ ਦੇ ਪੰਨਿਆ ਉੱਤੇ ਇੱਕ ਬਦਨੁਮਾ ਦਾਰਾ ਬਣ ਕੇ ਰਹਿ ਗਿਆ । ਈਸਟ ਇੰਡੀਆ ਕੰਪਨੀ ਨੇ ਲਾਹੌਰ ਦਰਬਾਰ ਮਹਾਰਾਣੀ ਜ਼ਿੰਦਾ ਅਤੇ ਨਾਬਾਲਕ ਮਹਾਰਾਜਾ ਦਲੀਪ ਸਿੰਘ ਜੋ ਕੋਲ ਇਕਰਾ ਕੀਤੇ ਸਨ ਉਸ ਦੇ ਅਨੁਸਾਰ ਕੰਪਨੀ ਦੀ ਸਰਕਾਰ ਦੇ ਨੁਮਾਇੰਦੇ ਇੰਦੇ ਮਿੱਤਰ ਸਿੰਘ ਦੀ ਰਾਖੀ ਲਈ ਲਾਹੌਰ ਆਏ ਸਨ ਅਤੇ ਇਸ ਇਰਾਦੇ ਨਾਲ ਦਰਬਾਰ ਦਾ ਕੰਮ ਵੀ ਸੰਭਾਲਿਆ ਸੀ।[5]

**ਮਹਾਰਾਣੀ ਜ਼ਿੰਦਾ ਅਤੇ ਮਹਾਰਾਜਾ ਦਲੀਪ ਸਿੰਘ:**

ਜਦੋਂ ਮਹਾਰਾਜਾ ਦਲੀਪ ਸਿੰਘ 1843 ਈ: ਵਿਚ ਰਾਜਗੱਦੀ ਉੱਪਰ ਬੈਠਾ ਤਾਂ ਉਸਦੀ ਉਮਰ ਬਹੁਤ ਛੋਟੀ ਸੀ। ਓਹ ਰਾਜ ਪ੍ਰਬੰਧ ਦੇ ਕੰਮਾਂ ਨੂੰ ਚਲਾਉਣ ਯੋਗ ਨਹੀ ਸੀ। ਇਸ ਲਈ ਰਾਜ ਦੀ ਵਾਂਗਡੋਰ ਦਾ ਕੰਮ ਮਹਾਰਾਣੀ ਜ਼ਿੰਦਾ ਨੇ ਆਪਣੇ ਹੱਥ ਵਿਚ ਸੰਭਾਲ ਲਿਆ ।ਮਹਾਰਾਣੀ ਜਿੰਦਾ ਨੇ ਕੁੱਝ ਸਮੇਂ ਲਈ ਆਪਣੇ ਪੁੱਤਰ ਮਹਾਰਾਜਾ ਦਲੀਪ ਸਿੰਘ ਲਈ ਫੋਜ਼ੀ ਸਹਾਰਾ ਯਕੀਨੀ ਬਣਾਇਆ ਸੀ। ਪੁਸ਼ੋਰਾ ਸਿੰਘ ਪੁੱਤਰ ਮਹਾਰਾਜਾ ਰਣਜੀਤ ਸਿੰਘ ਦੇ ਇਰਾਦਿਆਂ ਵਿਰੁੱਧ ਮਹਾਰਾਣੀ ਜਿੰਦਾ ਨੇ ਆਪਣੇ ਪੁੱਤਰ ਲਈ ਸਰਦਾਰਾਂ ਦੀ ਸਹਾਇਤਾ ਮੰਗੀ ਸੀ ਤਾਂ ਜੋ ਰਾਜ ਅੰਦਰ ਅਮਨ ਕਾਨੂੰਨ ਬਹਾਲ ਕੀਤਾ ਜਾਵੇ।[5] ਅੰਗਰੇਜ਼ੀ ਹਾਕਮਾਂ ਨੇ ਪੰਜਾਬ ਨੂੰ ਆਪਣੀ ਜ਼ਕੜ ਵਿਚ ਲੈਣ ਲਈ ਬੜੀ ਹੀ ਚਲਾਕੀ ਅਤੇ ਹੁਸ਼ਿਆਰੀ ਨਾਲ ਮਾਸੂਮ ਦਲੀਪ ਸਿੰਘ ਦੇ ਦਿਲ ਵਿਚ ਮਾਤਾ ਜ਼ਿੰਦਾ ਪ੍ਰਤੀ ਨਫਰਤ ਭਰ ਦਿੱਤੀ ਅਤੇ ਦੋਵਾ ਮਾਂ ਅਤੇ ਪੁੱਤਰ ਨੂੰ ਵੱਖ-ਵੱਖ ਕਰ ਦਿੱਤਾ ਗਿਆ। ਪਹਿਲੇ ਅੰਗਰੇਜ਼-ਸਿੱਖ ਯੁੱਧ ਤੋਂ ਬਾਅਦ ਅੰਗਰੇਜ਼ਾ ਨੇ ਲਾਹੌਰ ਦਰਬਾਰ ਨਾਲ ਇੱਕ ਮਹਤਵਪੂਰਣ ਭੈਰੋਵਾਲ ਦੀ ਸੰਧੀ (26 ਦਸੰਬਰ 1846) ਕੀਤੀ ਇਸ ਸੰਧੀ ਦੇ ਅਨੁਸਾਰ ਬ੍ਰਿਟਿਸ਼ ਸਰਕਾਰ ਨੇ ਆਪਣਾ ਇੱਕ ਨੁਮਾਇੰਦਾ (ਬ੍ਰਿਟਿਸ਼ ਰੈਜੀਡੈਂਟ) ਲਾਹੌਰ ਦਰਬਾਰ ਵਿੱਚ ਬਿਠਾ ਦਿੱਤਾ ਅਤੇ ਰਾਣੀ ਜਿੰਦਾ ਨੂੰ ਰਾਜ ਪ੍ਰਬੰਧ ਤੋਂ ਅਲੱਗ ਕਰ ਦਿੱਤਾ। ਬ੍ਰਿਟਿਸ਼ ਰੈਜੀਡੈਂਟ ਨੂੰ ਲਾਹੌਰ ਦੇ ਰਾਜਪ੍ਰਬੰਧ ਨਾਲ ਸੰਬੰਧਤ ਅਸੀਮਿਤ ਸ਼ਕਤੀਆ ਤੇ ਅਧਿਕਾਰ ਦਿੱਤੇ ਗਏ। ਇਸ ਸੰਧੀ ਨੇ ਅੰਗਰੇਜ਼ਾ ਨੂੰ ਪੰਜਾਬ ਦੇ ਮਾਲਕ ਬਣਾ ਦਿੰਤਾ ਗਿਆ। ਮਹਾਰਾਣੀ ਜਿੰਦਾ ਦੀ ਪੈਨਸ਼ਨ ਮੁੱਕਰਰ ਕਰ ਦਿੱਤੀ ਗਈ। ਅਗਸਤ 1947 ਵਿਚ ਉਸਨੂੰ ਕਈ ਝੂਠੇ ਅਲਜ਼ਾਮ ਲਗਾ ਕੇ ਸ਼ੇਖੂਪੁਰਾ ਦੇ ਕਿਲ੍ਹੇ ਵਿੱਚ ਕੈਦ ਕਰ ਦਿੱਤਾ ਗਿਆ ਤੇ ਮਹਾਰਾਜਾ ਦਲੀਪ ਸਿੰਘ ਨੂੰ ਆਪਣਿਆ ਤੋ ਵਿਛੋੜਾ ਦੇ ਦਿੱਤਾ ਗਿਆ।[6]

**ਇਸਾਈ ਧਰਮ ਗ੍ਰਹਿਣ ਕਰਨਾਂ ਅਤੇ ਇੰਗਲੈਂਡ ਰਵਾਨਗੀ**

---

2 Khushwant Singh, *A History of the Sikh (1839-1966)*, Vol-II, Oxford University Press, Delhi, p. 228

3 WWW. Wikipedia. Org. (Accesed on 31-8-17).

4 Khushwant Singh, *A History of the Sikh (1839-1966)*, p. 227.

5 ਸੱਤਿਆ ਜੋਸ਼ੀ, *ਪੰਜਾਬ ਦਾ ਇਤਿਹਾਸ (1799-1984)*, ਜੈਪੁਰ, 2003, ਪੰਨਾ-105.

6 A.C. Arora, *History of the Punjab*, Pardeep Publications, New Delhi, p. 184.

International Journal of Research
e-ISSN: 2348-6848 & p-ISSN 2348-795X Vol-5, Special Issue-9
International Seminar on Changing Trends in Historiography: A Global Perspective
Held on 2nd February 2018 organized by The Post Graduate Department of History. Dev Samaj College for Women, Ferozepur City, Punjab, India

ਮਹਾਰਾਜਾ ਦਲੀਪ ਸਿੰਘ ਨੂੰ ਪੰਜਾਬ ਤੋਂ ਬਹੁਤ ਦੂਰ ਯੂ.ਪੀ ਵਿੱਚ ਫਤਹਿਗੜ੍ਹ ਦੇ ਮੁਕਾਮ ਉੱਤੇ ਸ਼੍ਰੀਮਤੀ ਅਤੇ ਸ਼੍ਰੀ ਜਾਨ ਲਗਨ ਦੀ ਨਗਰਾਨੀ ਵਿੱਚ ਛੱਡ ਦਿੱਤਾ ਗਿਆ। ਉਹਨਾਂ ਨੂੰ ਸਖ਼ਤ ਹਦਾਇਤਾ ਦਿੱਤੀਆ ਗਈਆ ਕਿ ਹੌਲੀ-ਹੌਲੀ ਦਲੀਪ ਸਿੰਘ ਨੂੰ ਵਰਗਲਾ ਕੇ ਇਸਾਈ ਧਰਮ ਗ੍ਰਹਿਣ ਕਰਨ ਲਈ ਤਿਆਰ ਕਰਨ। ਸਿੰਘਾਸਨ ਤੋਂ ਹਟਾਉਣ ਤੋਂ ਬਾਅਦ ਦਲੀਪ ਸਿੰਘ ਦੀ ਪੜ੍ਹਾਈ ਦੀ ਜ਼ਿੰਮੇਵਾਰੀ ਭਜਨ ਲਾਲ ਨੂੰ ਦਿੱਤੀ ਗਈ ਸੀ। 8 ਮਾਰਚ 1853 ਨੂੰ ਇਹਨਾਂ ਦੇ ਪ੍ਰਭਾਵ ਹੇਠ ਮਹਾਰਾਜਾ ਦਲੀਪ ਸਿੰਘ ਨੇ ਇਸਾਈ ਧਰਮ ਵਿਚ ਲੈ ਕੇ ਆਉਣ ਲਈ ਬਾਈਬਲ ਦੀ ਸਿੱਖਿਆ ਦਿੱਤੀ ਜਾਂਦੀ ਸੀ। ਇਸ ਤੋਂ ਇਲਾਵਾ ਮਹਾਰਾਜਾ ਦਲੀਪ ਸਿੰਘ ਨੂੰ ਹੋਰ ਐਸ਼ੋ ਆਰਾਮ ਵਾਲੇ ਮਾਹੌਲ ਵਿੱਚ ਰੱਖਿਆ ਜਾਦਾਂ ਸੀ।[7] ਲਾਰਡ ਡਲਹੌਜੀ ਬਹੁਤ ਚਲਾਕ ਅਤੇ ਮਕਾਰ ਸ਼ਾਸਕ ਸੀ ਉਹ ਜਾਣਦਾ ਸੀ ਕਿ ਪੰਜਾਬ ਵਿੱਚ ਜੇਕਰ ਕੋਈ ਵਿਅਕਤੀ ਕਿਸੇ ਵੀ ਸਮੇ ਸਰਕਾਰ ਲਈ ਖਤਰਾ ਬਣ ਸਕਦਾ ਸੀ ਤਾਂ ਉਹ ਕੇਵਲ ਮਹਾਰਾਣੀ ਜ਼ਿੰਦਾ ਹੀ ਸੀ। ਇਸ ਖਤਰੇ ਨੂੰ ਟਾਲਣ ਲਈ ਉਸ ਨੇ ਦੇਸ਼ ਨਿਕਾਲ ਦੇਕੇ ਮਹਾਰਾਣੀ ਨੂੰ ਕਿਲ੍ਹੇ ਵਿਚੋ ਕੱਢ ਕੇ ਦੂਰ ਬਨਾਰਸ ਚੁਨਾਰ ਦੇ ਕਿਲ੍ਹੇ ਵਿੱਚ ਭੇਜ ਦਿੱਤਾ। ਉਸ ਦੌਰਾਨ ਮਹਾਰਾਜਾ ਦਲੀਪ ਸਿੰਘ ਨੂੰ ਉਸ ਦੇ ਪਿਤਾ ਪੁਰਖੀ ਧਰਮ ਤੋ ਵਾਂਝਿਆ ਕਰਕੇ ਵਲੈਤ ਭੇਜ ਦਿੱਤਾ ਗਿਆ।[8] 19 ਅਪ੍ਰੈਲ 1854 **ਨੂੰ** ਮਹਾਰਾਜਾ ਦਲੀਪ ਸਿੰਘ ਸਮੁੰਦਰੀ ਜ਼ਹਾਜ ਐਸ.ਐਸ. ਹਿੰਦੁਸਤਾਨ ਰਾਹੀ ਇੰਗਲੈਂਡ ਪਹੁੰਚਿਆ। ਉਸ ਦੀਆ ਮਿੱਤ ਭਾਵਨਾਵਾ ਨੂੰ ਖਤਮ ਕਰ ਦਿੱਤਾ ਗਿਆ।ਉੱਥੇ ਮਹਾਰਾਜਾ ਦਲੀਪ ਸਿੰਘ ਨੂੰ ਇੱਕ ਮਹਿਲ ਅਤੇ ਸ਼ਹਿਜ਼ਾਦਿਆ ਵਾਲੀਆ ਸਹੂਲਤਾ ਦਿੱਤੀਆ ਗਈਆ ਸਨ।[9]

**ਠਾਕਰ ਸਿੰਘ ਸੰਧਾਵਾਲੀਏ ਦੇ ਯਤਨ**

**ਸੰਦਾਵਾਲੀਆ ਪਰਿਵਾਰ ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਤੋ ਹੀ ਲਾਹੌਰ ਦਰਬਾਰ ਵਿਚ ਪ੍ਰਭਾਵਸਾਲੀ ਸੀ ।** ਠਾਕਰ ਸਿੰਘ ਸੰਧਾਵਾਲੀਆ ਬੜਾ ਤੀਖਣ ਬੁੱਧੀ ਵਾਲਾ ਅਤੇ ਰੋਸ਼ਨ ਦਿਮਾਗ ਇਨਸਾਨ ਸੀ। ਉਸ ਨੇ ਕੌਮ ਵਿੱਚ ਸੁਧਾਰ ਕਰਨ ਅਤੇ ਨਵੀਂ ਜਾਗ੍ਰਿਤੀ ਲਿਆਉਣ ਵਿੱਚ ਪੰਥ ਦੀਆ ਉੱਚੀਆਂ ਹਸਤੀਆਂ ਅਤੇ ਬੁੱਧੀਜੀਵੀਆਂ ਨੂੰ ਇੱਕਤਰ ਕਰਕੇ 1872 ਵਿਚ ਸਿੰਘ ਸਭਾ ਦੀ ਬੁਨਿਆਦ ਰੱਖੀ।ਸਿੰਘ ਸਭਾ ਕਾਇਮ ਕਰਨ ਤੋ ਬਾਅਦ ਸੰਧਾਵਾਲੀਆਂ ਸਰਦਾਰ ਆਪਣੇ ਅਸਲੀ ਕਾਰਜ ਖੇਤਰ ਵਿਚ ਜੁੜ ਗਿਆ ਜੋ ਕਿ ਭਰੋਸੇ ਯੋਗ ਸਾਥੀਆਂ ਨੂੰ ਕੱਢ ਕੇ ਦਲੀਪ ਸਿੰਘ ਦੀ ਛੱਤਰ-ਛਾਇਆ ਹੇਠ ਖਾਲਸਾ ਰਾਜ ਸਥਾਪਿਤ ਕਰਨਾ ਚਾਉਂਦਾਂ ਸੀ। ਸੰਧਾਵਾਲੀਆਂ **ਸਰਦਾਰ** ਨੇ ਕਿਸੇ ਨਾ ਕਿਸੇ ਤਰ੍ਹਾਂ ਮਹਾਰਾਜਾ ਦਲੀਪ ਸਿੰਘ ਨਾਲ ਸੰਪਰਕ ਕੀਤਾ ਅਤੇ ਉਸਨੂੰ ਅੰਗਰੇਜ਼ਾ ਪ੍ਰਤੀ ਬਗਾਵਤ ਕਰਨ ਲਈ ਪ੍ਰੇਰਿਆ। ਮੁੜ ਪਿਤਾ ਪੁਰਖੀ ਧਰਮ ਨੂੰ ਗ੍ਰਹਿਣ ਕਰਨ ਲਈ ਉਤਸ਼ਾਹਿਤ ਕੀਤਾ ।ਇਸ ਦੌਰਾਨ ਮਹਾਰਾਣੀ ਜ਼ਿੰਦਾ ਵੀ ਚੁਨਾਰ ਦੇ ਕਿਲ੍ਹੇ ਵਿਚੋ ਦੌੜ ਕੇ ਭਿਖਾਰਨ ਦਾ ਰੂਪ ਧਾਰਨ ਕਰਕੇ ਨੇਪਾਲ ਦੇ ਸ਼ਾਹੀ ਮਹਿਲ ਪੁੱਜੀ ਜਿੱਥੇ ਉਸ ਦਾ ਮਹਿਮਾਨਾਂ ਵਜੋਂ ਆਦਰ ਕੀਤਾ ਗਿਆ।[10]

**ਮਹਾਰਾਜਾ ਦਲੀਪ ਸਿੰਘ ਤੇ ਰਾਣੀ ਜ਼ਿੰਦਾ ਦਾ ਮਿਲਾਪ**

ਮਹਾਰਾਣੀ ਜ਼ਿੰਦਾ ਨੂੰ ਨੇਪਾਲ ਤੋ ਕਲਕੱਤੇ ਲਿਆਦਾਂ ਗਿਆ।ਦੁੱਖਾਂ ਅਤੇ ਗਮਾਂ ਦੀ ਮਾਰੀ ਜ਼ਿੰਦਾ ਕੌਰ ਦੀ ਅੱਖਾਂ ਦੀ ਜੋਤ ਵੀ ਜਵਾਬ ਦੇ ਰਹੀ ਸੀ।ਰਾਜ **ਭਾਗ** ਖੁੱਸੇ ਹੋਏ ਜਲਾਵਤਨ ਮਾਂ ਪੁੱਤਰ ਦੀ ਮਿਲਣੀ 16 ਜਨਵਰੀ 1861 ਨੂੰ ਕਲੱਕਤਾ ਦੇ ਹੌਟਲ ਸਪੈਨਿਸ਼ ਵਿੱਚ ਹੋਈ । ਉਹਨਾਂ ਵਿਛੜਿਆ ਨੂੰ ਵੀ ਮੁੱਦਤ ਹੋ ਗਈ ਸੀ।ਨਜ਼ਰ ਦੀ ਕਮਜ਼ੋਰੀ ਕਾਰਨ ਮਾਂ ਆਪਣੇ ਪੁੱਤਰ ਨੂੰ ਪੂਰੀ ਤਰ੍ਹਾਂ ਪਹਿਚਾਣ ਕਰਨ ਤੋ ਵੀ ਅਸਮਰੱਥ ਸੀ । ਜੱਫੀ ਵਿੱਚ ਲੈ ਕੇ ਜਦ ਪਿਆਰ ਨਾਲ ਪੁੱਤਰ ਦੇ ਸਿਰ ਉੱਤੇ ਹੱਥ ਫੇਰਿਆ ਤਾਂ ਅੰਤਾ ਦੇ ਦੁੱਖ ਖਿੜੇ ਮੱਥੇ ਸਹਾਰਨ ਵਾਲੀ ਸ਼ੇਰ-ਦਿਲ ਮਹਾਰਾਣੀ ਭੁੱਬਾ ਮਾਰ ਕੇ ਰੋ ਪਈ।[11] ਪੁੱਤਰ ਦੇ ਸਿਰ ਉੱਤੇ ਕੇਸ ਨਾ ਦੇਖ ਕੇ ਮਹਾਰਾਣੀ ਜ਼ਿੰਦਾ ਨੂੰ ਇਉ ਲੱਗਾ ਕਿ ਜਿਵੇ ਉਸਦਾ ਰਾਜ ਭਾਗ ਖੁੱਸਿਆ ਹੋਵੇ।ਉਸ ਨੂੰ ਪਿਤਾ ਪੁਰਖੀ ਧਰਮ **ਵਿਚ** ਨਾ ਦੇਖ ਕੇ ਗਸ਼ ਕੇ ਖਾਂ ਕੇ ਜ਼ਮੀਨ ਉੱਤੇ ਡਿੱਗ ਪਈ। ਦਲੀਪ ਸਿੰਘ ਮਹਾਰਾਜਾ ਨੇ ਆਪਣੀ ਮਾਂ ਨੂੰ ਮੁੜ ਸਿੱਖ ਧਰਮ ਨੂੰ ਗ੍ਰਹਿਣ ਕਰੇਗਾ। ਦੋਹਾਂ ਮਾਂ ਪੁੱਤਰਾ ਦੀ ਮਿਲਣੀ ਨੈ ਪੰਜਾਬ ਵਿੱਚ ਕੁੱਝ ਹਲਚਲ ਪੈਦਾ **ਕਰ** ਦਿੱਤੀ ਜਿਸ ਉੱਤੇ ਸਰਕਾਰ ਦੇ ਵੀ ਕੰਨ ਭਰਨੇ ਸ਼ੁਰੂ ਕਰ ਦਿੱਤੇ **ਗਏ** ਜਿਸ ਉੱਤੇ ਛੇਤੀ ਹੀ ਸਰਕਾਰ ਨੇ ਮਹਾਰਾਜਾ ਦਲੀਪ ਸਿੰਘ ਨੂੰ ਆਪਣੀ ਮਾਤਾ ਸਮੇਤ ਵਾਪਸ ਇੰਗਲੈਡ ਜਾਣ ਦੇ ਆਦੇਸ਼ ਦੇ ਦਿੱਤੇ ।ਵਲੈਤ ਪੁੱਜ ਕੇ ਮਾਂ ਪੁੱਤਰ ਨੇ ਉਹਨਾਂ ਨਾਂਲ ਇਨਸਾਫ ਕਰਨ ਲਈ ਮਲਕਾ ਵਿਕਟੋਰੀਆ ਦਾ ਦਰਵਾਜ਼ਾ ਖੜਕਾਇਆ ਅਤੇ ਵੱਡੀ ਸਰਕਾਰ ਨਾਲ ਕਿਤੇ ਇਕਰਾਰਾ ਦਾ ਵਾਸਤਾ ਪਾਇਆ ।ਮਹਾਰਾਣੀ ਜਿੰਦਾ ਆਪਦੇ ਪੁੱਤਰ ਦਲੀਪ ਸਿੰਘ ਨੂੰ ਮੁੜ ਪਿਤਾ ਪੁਰਖੀ ਧਰਮ ਵਿੱਚ ਦੇਖਣਾ ਚੁਹੁੰਦੀ ਹੈ। ਇਸ ਲਈ ਉਸਨੇ ਅੰਗਰੇਜ਼ ਸਰਕਾਰ ਤੋਂ ਮੰਗ ਕੀਤੀ ਕਿ ਸ: ਠਾਕਰ ਸਿੰਘ ਅਤੇ ਹੋਰ ਸਿੱਖਾਂ ਨੂੰ ਆਉਣ ਦੀ ਆਗਿਆ ਦਿੱਤੀ ਜਾਵੇ। ਅੰਗਰੇਜ਼ੀ ਸਰਕਾਰ ਮੁੱਢ ਤੋਂ ਹੀ ਸੰਧਾਵਾਲੀਏ ਸਰਦਾਰ ਨੂੰ ਸ਼ੱਕ ਦੀ ਨਿਗਾ ਨਾਲ ਦੇਖਦੀ

---

7 A.C. Arora, *History of the Punjab*, p. 183.
8 WWW. Wikipedia.Org. (accesed 1-9-17)
9 WWW. Wikipedia.Org. (accesed 1-9-17)
10 WWW. Wikipedia. Org (accesed 1-9-17).
11 WWW. Wikipedia. Org (accesed 1-9-17).

ਸੀ ਜਿਸ ਕਰਕੇ ਉਸ ਨੂੰ ਇੰਗਲੈਂਡ ਆਉਣ ਦੀ ਆਗਿਆ ਨਹੀਂ ਦੇਣੀ ਚਾਹੁੰਦੇ ਸੀ ਪਰ ਮਹਾਰਾਜਾ ਦਲੀਪ ਸਿੰਘ ਦੇ ਜੋਰ ਦੇਣ ਉੱਤੇ ਸਰਕਾਰ ਨੇ ਇਹ ਆਗਿਆ ਦੇ ਦਿੱਤੀ।[12]

ਠਾਕਰ ਸਿੰਘ ਆਪਣੇ ਦੋ ਸਪੁੱਤਰਾ ਅਤੇ ਭਾਈ ਪ੍ਰਤਾਪ ਸਿੰਘ ਜੀ ਗਿਆਨੀ ਸਮੇਤ 1884 ਵਿੱਚ ਇੰਗਲੈਂਡ ਪੁੱਜ ਗਏ। ਭਾਈ ਸਾਹਿਬ ਹਰ ਰੋਜ ਸਵੇਰੇ ਮਹਾਰਾਜਾ ਦਲੀਪ ਸਿੰਘ ਨੂੰ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਸੁਣਾਉਂਦੇ, ਨਿਤਨੇਮ ਕੰਠ ਕਰਵਾਉਦੇ, ਸਿੱਖ ਧਰਮ ਅਤੇ ਸਿੱਖ ਇਤਿਹਾਸ ਬਾਰੇ ਲੋੜੀਦੀ ਜਾਣਕਾਰੀ ਦਿੰਦੇ ਅਤੇ ਇਸ ਦੇ ਨਾਲ ਹੀ ਪੰਜਾਬੀ ਭਾਸ਼ਾ ਦੀ ਸਿੱਖਿਆ ਵੀ ਦਿੰਦੇ।ਠਾਕਰ ਸਿੰਘ ਮਹਾਰਾਜਾ ਦਲੀਪ ਸਿੰਘ ਨਾਲ ਆਪਣੇ ਖੁਫੀਆ ਕਾਰਜ ਬਾਰੇ ਵੀ ਸਾਰੀ ਗੱਲ ਬਾਤ ਕਰਦੇ ਸਨ। ਮਹਾਰਾਜਾ ਦਲੀਪ ਸਿੰਘ ਹੁਣ ਪਿਤਾ ਪੁਰਖੀ ਧਰਮ ਵਿੱਚ ਦ੍ਰਿੜ ਹੋਣ ਦਾ ਸੰਕਲਪ ਕਰਕੇ ਪੂਰੀ ਤਰ੍ਹਾ ਤਿਆਰ-ਬਰ- ਤਿਆਰ ਹੋ ਰਿਹਾ ਸੀ।ਠਾਕਰ ਸਿੰਘ ਨੇ ਦਲੀਪ ਸਿੰਘ ਨੂੰ ਪੂਰਾ ਭਰੋਸਾ ਦਿਵਾਇਆ ਕਿ ਸਤਿਗੁਰ ਦੀ ਕਿਰਪਾ ਨਾਲ ਉਹ ਮੁੜ ਪੰਜਾਬ ਦਾ ਬਾਦਸ਼ਾਹ ਬਣੇਗਾ ।1885 ਵਿੱਚ ਠਾਕਰ ਸਿੰਘ ਸੰਧਾਵਾਲੀਆ ਅਤੇ ਉਹਨਾ ਦੇ ਸਾਥੀ ਸਾਰੀ ਗੱਲ ਪੱਕੀ ਕਰਕੇ ਵਾਪਸ ਭਾਰਤ ਪਰਤ ਗਏ।31 ਮਾਰਚ 1886 ਵਿਚ ਦਲੀਪ ਸਿੰਘ ਲੰਦਨ ਤੋਂ ਭਾਰਤ ਲਈ ਜਹਾਜ਼ ਵਿੱਚ ਸਵਾਰ ਹੋ ਗਿਆ ਮਹਾਰਾਜੇ ਦੀ ਵਾਪਸੀ ਲਈ ਪੰਜਾਬ ਵਿੱਚ ਖੁਸ਼ੀ ਦੀ ਲਹਿਰ ਦੋੜ ਗਈ।ਲੋਕਾਂ ਵਿੱਚ ਬਹੁਤ ਉਤਸ਼ਾਹ ਪੈਦਾ ਹੋ ਗਿਆ। ਪਰ ਪੰਜਾਬ ਅਤੇ ਪੰਥ ਦੇ ਦੋਖੀਆ ਨੂੰ ਇਹ ਗੱਲ ਨਾ ਭਾਈ। ਉਹਨਾ ਝੂਠੀਆ ਖਬਰਾ ਨਾਲ ਸਰਕਾਰ ਦੇ ਕੰਨ ਭਰਨੇ ਸ਼ੁਰੂ ਕਰ ਦਿੱਤੇ।ਉਧਰ ਜਦੋਂ ਮਹਾਰਾਜੇ ਦਾ ਜ਼ਹਾਜ ਅੰਦਨ ਦੀ ਬੰਦਰਗਾਹ ਉੱਤੇ ਪੁੱਜਾ ਤਾਂ ਉੱਥੇ ਸਿੱਖ ਫੌਜੀਆਂ ਨੇ ਖੁਸ਼ੀ ਵਿਚ ਮਹਾਰਾਜਾ ਦਲੀਪ ਸਿੰਘ ਨੂੰ ਸਲਾਮੀ ਦਿੱਤੀ। ਇਹਨਾ ਘਟਨਾਵਾਂ ਨੇ ਅੰਗਰੇਜ਼ਾ ਨੂੰ ਚਿੰਤਾਪੁਰ ਕਰ ਦਿੱਤਾ ਅਤੇ ਮਹਾਰਾਜਾ ਦਲੀਪ ਸਿੰਘ ਨੂੰ ਤਰੁੰਤ ਅਦਨ ਤੋਂ ਵਾਪਸ ਜਾਣ ਦਾ ਹੁਕਮ ਦਿੱਤਾ ਗਿਆ। ਮਹਾਰਾਜਾ ਨੇ ਸਰਕਾਰ ਦੀ ਇਸ ਹਰਕਤ ਨੂੰ ਬਹੁਤ ਬੁਰਾ ਸਮਝਿਆ ਅਤੇ ਰੂਸ ਵੱਲੋਂ ਖਰਚ ਲੈਣਾ ਬੰਦ ਕਰ ਦਿੱਤਾ ਅਤੇ ਇੰਗਲੈਂਡ ਦੀ ਸਰਕਾਰ ਅੱਗੇ ਰੋਸਮਈ ਅੰਦੋਲਨ ਕੀਤਾ।3 ਜੂਨ 1886 ਨੂੰ ਅਦਨ ਤੋਂ ਪੈਰਿਸ ਜਾਣ ਤੇ੍ ਪਹਿਲਾ ਉਥੇ ਅਦਨ ਵਿੱਚੋ ਹੀ ਸਰਕਾਰ ਠਾਰਕ ਸਿੰਘ, ਸ: ਰੂੜ ਸਿੰਘ, ਭਾਈ ਪ੍ਰਤਾਪ ਸਿੰਘ ਅਤੇ ਦੌ ਹੋਰ ਸਿੰਘਾ ਪਾਸੋਂ ਅੰਮ੍ਰਿਤ ਦੀ ਦਾਤ ਪ੍ਰਾਪਤ ਕਰ ਲਈ।[13]

**ਧਰਮ ਵਿੱਚ ਵਾਪਸੀ**

ਫਰਾਂਸ ਵਿੱਚ ਰਹਿ ਕਿ ਆਪਦੇ ਹੱਕਾ ਦੀ ਲੜਾਈ ਵਿੱਚ ਦਲੀਪ ਸਿੰਘ ਜੂਝ ਪਿਆ। ਉਸ ਨੇ ਰੂਸ ਅਤੇ ਹੋਰ ਮੁਲਕਾ ਲਈ ਵੀ ਕਾਰਜ ਆਪ ਕੀਤੇ। ਆਪਣੇ ਵਤਨ ਵਾਸੀਆਂ ਨੂੰ ਵੀ ਉਸਨੇ ਬੜੇ ਦਰਦਮੰਦ ਲਹਿਜ਼ੇ ਵਿੱਚ ਮਦਦ ਕਰਨ ਦੀਆਂ ਚਿੱਠੀਆਂ ਲਿਖੀਆ ਤੇ ਮਾਲੀ ਸਹਾਇਤਾ ਦੀ ਅਪੀਲ ਕਰੀ। ਚਿੱਠੀਆਂ ਦੇ ਅੰਤ ਵਿਚ ਉਸ ਨੇ ਬੜੇ ਕਰੜੇ ਸਬਦਾਂ ਵਿਚ ਖ਼ਤ ਵਿਚ ਲਿਖਿਆ 'ਮੈ ਤੁਹਾਡਾ ਆਪਣਾ ਲਹੂ ਤੇ ਮਾਸ।' ਠਾਕਰ ਸਿੰਘ ਪੂਰੀ ਤਰ੍ਹਾ ਮਹਾਰਾਜਾ ਦੇ ਕੰਮ ਵਿਚ ਜੁੱਟ ਗਿਆ ਉਸ ਭਾਰਤੀ ਰਿਆਸਤਾ ਦਾ ਖੁਫੀਆ ਤੌਰ ਤੇ ਦੌਰਾ ਕੀਤਾ। ਆਪਣੇ ਫਰਾਂਸੀਸੀ ਦੋਸਤਾਂ ਦੀ ਮਦਦ ਨਾਲ ਠਾਕਰ ਸਿੰਘ ਉਥੋ ਮਹਾਰਾਜਾ ਦਲੀਪ ਸਿੰਘ ਅਤੇ ਹਰ ਦੇਸ਼ ਦੀਆ ਹਕੂਕਤਾਂ ਨਾਲ ਕਰਨ ਵਿੱਚ ਕਾਮਯਾਬ ਹੋ ਗਿਆ। ਮਹਾਰਾਜਾ ਦਲੀਪ ਸਿੰਘ ਨੇ ਸੰਧਾਵਾਲੀਏ ਸਰਦਾਰ ਨੂੰ ਆਪਣਾ ਮੁੱਖ ਮੰਤਰੀ ਬਣਾ ਲਿਆ । 18 ਠਗਸਤ 1887 ਨੂੰ ਸਰਦਾਰ ਕਿਸੇ ਬਿਮਾਰੀ ਕਾਰਨ ਅਕਾਲ ਚਲਾਣਾ ਕਰ ਗਿਆ । ਹੁਣ ਮਹਾਰਾਜਾ ਦਲੀਪ ਸਿੰਘ ਆਪਣੇ ਆਪ ਨੂੰ ਇੱਕਲਾ ਮਹਿਸੂਸ ਕਰਨ ਲੱਗਾ।ਮਹਾਰਾਣੀ ਜ਼ਿੰਦਾ ਦੀ 1 ਅਗਸਤ 1863 ਈ ਨੂੰ ਮੌਤ ਹੋ ਗਈ।[14]

**ਮਹਾਰਾਣੀ ਵਿਕਟੋਰੀਆ ਤੋਂ ਕੋਹਿਨੂਰ ਹੀਰੇ ਦੀ ਮੰਗ**

11 ਸਾਲ ਦੇ ਮਹਾਰਾਜਾ ਦਲੀਪ ਸਿੰਘ ਨੇ 29 ਮਾਰਚ 1849 ਈ ਨੂੰ ਆਪਣਾ ਅੰਤਿਮ ਦਰਬਾਰ ਲਗਾਇਆ ਸੀ ਅਤੇ ਪੰਜਾਬ ਦੀ ਵਿਵਾਦਗ੍ਰਸਤ ਲਾਹੌਰ ਸੰਧੀ ਉੱਤੇ ਹੀ ਉਹ ਰਾਜ ਸਤਾ, ਬੇਸ਼ੁਮਾਰ ਧਨ ਦੌਲਤ ਅਤੇ ਬਹੁ-ਕੀਮਤੀ ਕੋਹੇਨੂਰ ਹੀਰੇ ਨੂੰ ਵੀ ਹੱਥੋਂ ਗੁਆ ਬੈਠਾ। ਜੋ ਮਹਾਰਾਣੀ ਵਿਕਟੋਰੀਆ ਪਾਸ ਚਲਾ ਗਿਆ। ਮਹਾਰਾਜਾ ਦਲੀਪ ਸਿੰਘ ਨੇ 23 ਫਰਵਰੀ 1889 ਨੂੰ ਮਹਾਰਾਣੀ ਵਿਕਟੋਰੀਆ ਨੂੰ ਖ਼ਤ ਰਾਹੀ ਸੰਬੋਧਿਤ ਕਰਦਿਆਂ ਲਿਖਿਆ ਸੀ ਕਿ "ਮੈਨੂੰ ਪਤਾ ਹੈ ਕਿ ਆਪਣੇ ਰਾਜ ਨੂੰ ਵਾਪਸ ਲੈਣਾ ਬੇਅਰਥ ਹੈ ਜੋ ਸਰਕਾਰ ਨੇ ਮੈਥੋਂ ਧੋਖੇ ਨਾਲ ਲਿਆ ਸੀ। ਪਰ ਮੇਰੀ ਮੰਗ ਕੋਹੇਨੂਰ ਹੀਰਾ ਹੈ ਜੋ ਤੁਹਾਡੇ ਕੋਲ ਨਿੱਜੀ ਤੌਰ ਤੇ ਹੈ ਮੈਂ ਮੰਨਦਾ ਹਾਂ ਕਿ ਮਹਾਰਾਣੀ ਬਹੁਤ ਹੀ ਧਾਰਮਿਕ ਸ਼ਖ਼ਸੀਅਤ ਦੀ ਮਾਲਕ ਹੈ ਜਿਸ ਕਰਕੇ ਹਰ ਐਤਵਾਰ ਨੂੰ ਤੁਹਾਡੇ ਲਈ ਪ੍ਰਾਰਥਨਾ ਹੁੰਦੀ ਹੈ। ਮੈਂ ਇਹ ਮੰਗ ਕਰਦਾ ਹਾਂ ਕਿ ਇਹ ਹੀਰਾ ਮੈਨੂੰ ਵਾਪਸ ਕਰ

12 WWW. Wikipedia. Org (accesed 1-9-17).
13 WWW. Wikipedia. Org (accesed 1-9-17).
14 WWW. Wikipedia. Org (accesed 1-9-17).

International Journal of Research
e-ISSN: 2348-6848 & p-ISSN 2348-795X Vol-5, Special Issue-9
International Seminar on Changing Trends in Historiography: A Global Perspective
Held on 2nd February 2018 organized by The Post Graduate Department of History. Dev Samaj College for Women, Ferozepur City, Punjab, India

ਦਿੱਤਾ ਜਾਵੇ ਕਿਉਂਕਿ ਇਹੀ ਇਨਸਾਫ ਹੈ। ਪਰਮਾਤਮਾ ਕੋਲ ਜਾਣਾ ਹੈ ਤਾਂ ਪਹਿਲਾਂ ਆਪਣੀ ਆਤਮਾ ਤੋਂ ਬੋਝ ਉਤਾਰ ਲਵੋ। ਜਿਸ ਤਰ੍ਹਾਂ ਹਰ ਇਸਾਈ, ਮੁਸਲਮਾਨ ਅਤੇ ਸਿੱਖ ਨੂੰ ਆਪਣਾ ਹਿਸਾਬ-ਕਿਤਾਬ ਦੇਣਾ ਪੈਂਦਾ ਹੈ। ਇਸਾਈਅਤ ਦੇ ਮੁੱਦੇ ਕਾਨੂੰਨ ਦੀ ਪਾਲਣਾ ਕਰਦੇ ਹੋਏ ਤੁਹਾਡੀ ਸਰਕਾਰ ਵੱਲੋਂ ਕੀਤੇ ਕਾਲੇ ਕੰਮਾਂ ਵਿਚੋਂ ਇਕ ਚੰਗਾ ਕੰਮ ਕਰਕੇ ਤਾਂ ਆਪਣੇ ਹੱਥ ਧੋ ਲਵੋ। ਇਸ ਖੱਤ ਵਿਚ ਮਹਾਰਾਜਾ ਦਲੀਪ ਸਿੰਘ ਜੀ ਕਹਿੰਦੇ ਹਨ ਕਿ ਮੈਂ ਜੋਰਦਾਰ ਢੰਗ ਨਾਲ ਆਪਣੇ ਹੱਕ ਮੰਗਦਾ ਹਾਂ ਅਤੇ ਮੰਗ ਕਰਦਾ ਹਾਂ ਕਿ ਮੇਰੇ ਗਹਿਣੇ ਅਤੇ ਮੇਰੇ ਰਾਜਭਾਗ ਦੇ ਹੱਕ ਵਾਪਸ ਕਰ ਦੇਵੋ, ਜਿਹੜੇ ਇੰਗਲੈਂਡ ਦੇ ਨੁਮਾਇੰਦਿਆਂ ਨੇ ਧੋਖੇ ਨਾਲ ਖੋਹੇ ਹਨ।[15]

**ਮਹਾਰਾਜਾ ਦਲੀਪ ਸਿੰਘ ਦੀ ਮੌਤ**

ਮਹਾਰਾਜਾ ਦਲੀਪ ਸਿੰਘ ਆਪਣੇ ਆਪ ਨੂੰ ਇਕੱਲਾ ਮਹਿਸੂਸ ਕਰਨ ਲੱਗ ਪਿਆ ਕਿਉਂਕਿ ਇਕ ਪਿਆਰੀ ਮਾਤਾ ਦਾ ਵਿਛੋੜਾ ਅਤੇ ਦੂਜਾ ਸੰਧਾਵਲੀਆਂ **ਸਰਦਾਰ** ਦੀ ਮੌਤ ਨੇ ਮਹਾਰਾਜਾ ਦਲੀਪ ਸਿੰਘ ਦਾ ਲੱਕ ਤੋੜ ਦਿੱਤਾ ਹੈ। ਫਿਰ ਵੀ ਜਦੋਂ ਜਹਿਦ ਵਿਚ ਜੁੱਟਿਆ ਰਿਹਾ। ਰੂਸ ਤੋਂ ਵਾਪਸ ਉਸ ਨੂੰ ਤਕਲੀਫ ਦਾ ਬੜਾ ਸਖਤ ਦੌਰਾ ਪਿਆ ਅਤੇ ਤਿੰਨ ਸਾਲ ਉਹ ਕਸਮਪੁਰਸੀ ਦੀ ਹਾਲਤ ਵਿਚ ਫਰਾਂਸ ਦੇ ਇਕ ਛੋਟੇ ਜਿਹੜੇ ਹੋਟਲ ਦੇ ਵਿਚ ਕਮਰੇ ਵਿਚ ਬਿਸਤਰ ਵਿਚ ਪਿਆ ਸੀ। ਉਸ ਦਾ ਪੁੱਤਰ ਵਿਕਟਰ ਦਲੀਪ ਸਿੰਘ ਉਸ ਦੀ ਸੇਵਾ ਲਈ ਫੇਰੀ ਮਾਰ ਲੈਂਦਾ ਸੀ। ਅੰਤ ਆਪਣੀ ਜਨਮ ਭੂਮੀ ਪਿਆਰੇ ਪੰਜਾਬ ਦੀ ਪਵਿੱਤਰ ਧੂੜ ਨੂੰ ਆਪਣੇ ਮਸਤਕ ਉੱਤੇ ਲਾਉਣ ਦੀ ਆਸ ਨੂੰ ਦਿਲ ਵਿਚ ਹੀ ਰੱਖ ਕੇ ਗਰੀਬੀ ਦੀ ਹਾਲਤ ਵਿਚ 22 ਅਕਤੂਬਰ 1893 ਨੂੰ ਪੈਰਿਸ ਦੇ ਹੋਟਲ ਵਿਚ ਹੀ ਅਕਾਲ ਚਲਾਣਾ ਕਰ ਗਿਆ।[16]

**ਸਿੱਟਾ:-**

ਅੰਤ ਵਿਚ ਕਿਹਾ ਜਾ ਸਕਦਾ ਹੈ ਕਿ ਮਹਾਰਾਜਾ ਦਲੀਪ ਸਿੰਘ ਇਕ ਕਾਬਲ ਮਹਾਰਾਜਾ ਸੀ, ਪਰ ਉਸਦੀ ਉਮਰ ਛੋਟੀ ਹੋਣ ਕਰਕੇ ਉਹ ਲਾਹੌਰ ਦਾ ਰਾਜ ਪ੍ਰਬੰਧ ਨਹੀਂ ਚਲਾ ਸਕਿਆ। ਪਰ ਅੰਗਰੇਜ਼ਾਂ ਨੇ ਉਸ ਨਾਲ ਬਹੁਤ ਬੁਰਾ ਸਲੂਕ ਕੀਤਾ। 1848-49 ਵਿਚ ਦੂਸਰੇ ਸਿੱਖ ਯੁੱਧ ਤੋਂ ਬਾਅਦ ਮਹਾਰਾਜਾ ਦਲੀਪ ਸਿੰਘ ਦੀ ਲਾਹੌਰ ਰਾਜ ਦੇ ਰਾਜ-ਪ੍ਰਬੰਧ ਤੋਂ ਵੱਖ ਕਰ ਦਿੱਤਾ ਗਿਆ ਗਿਆ। ਉਸ ਤੋਂ ਰਾਜ ਗੱਦੀ ਖੋਹ ਲਈ ਗਈ ਅਤੇ ਉਸ ਨੂੰ ਇੰਗਲੈਂਡ ਭੇਜ ਦਿੱਤਾ ਗਿਆ। ਜਿੱਥੇ ਰਹਿ ਕੇ ਮਹਾਰਾਜਾ ਦਲੀਪ ਸਿੰਘ ਨੇ ਆਪਣੀ ਜਿੰਦਗੀ ਦੇ ਕਈ ਮਾਲ ਗੁਜਾਰੇ ਅਤੇ ਇਸਾਈ ਧਰਮ ਗ੍ਰਹਿਣ ਕੀਤਾ। ਅੰਗਰੇਜ਼ਾਂ ਦੁਆਰਾ ਮਹਾਰਾਜਾ ਦਲੀਪ ਸਿੰਘ ਨੂੰ ਆਪਣੀ ਮਾਂ ਤੋਂ ਦੂਰ ਰੱਖਿਆ ਗਿਆ। ਪੰਜਾਬ ਦੇ ਅਖੀਰਲੇ ਮਹਾਰਾਜ ਨੇ ਬੜੀਆਂ ਮੁਸ਼ਕਿਲਾਂ ਵਿਚ ਆਪਣੀ ਜਿੰਦਗੀ ਦੇ ਅੰਤਿਮ ਸਾਲ ਗੁਜ਼ਾਰੇ। ਉਸ ਦੀ ਮੌਤ ਨਾਲ ਪੰਜਾਬ ਦਾ ਆਖਰੀ ਮਹਾਰਾਜ ਅਤੇ ਸਿੱਖ ਰਾਜ ਦਾ ਆਖਰੀ ਮਹਾਰਾਜ ਖਤਮ ਹੋ ਗਿਆ।

## REFERENCES

1. ਜੋਸ਼ੀ, ਸੱਤਿਆ, *ਪੰਜਾਬ ਦਾ ਇਤਿਹਾਸ (1799-1984)*, ਜੈਪੁਰ.
2. WWW.Punjabspectrum.com.
3. www.WikiPeadia.org/wiki.
4H Hunter W.W, *The Marques Dalhousie*, Clarendon Press, Oxford, 1895.
5. Jagmohan, *Annexation of the Punjab A Historical Revision* Spantech Publisher, New Delhi, 1990
6. Hasrat, Bikramjit, *Anglo-Sikh Relations (1799-1849)*, Reserach Book Agency, Hoshiarpur, 1968.
7. Fauja Singh, *After Ranjit Singh*, Master Publishers, New Delhi, 1982.
8. Latif Syad Muhammad, *History of the Punjab: From the Remtoest Antiauity to the Present Time*, Kalyan Publishers, New Delhi, 1889.

[15] WWW. Wikipedia. Org (accesed 1-9-17).
[16] WWW.Punjabspectrum.com (accesed 1-9-17).